# ਭਗਤ ਜਨਾ ਕੈ ਮਨਿ ਬਿਸ੍ਰਾਮ

## ਅਸਟਪਦੀ ॥
## ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
## ਕਲਿ ਕਲੇਸ ਤਨ ਮਾਹਿ ਮਿਟਾਵਉ ॥

ਇਹ ਪਦਾ, ਸ੍ਰੀ ਗੁਰੂ ਅਰਜਨ ਸਾਹਿਬ ਦੀ ਉਚਾਰਣ ਕੀਤੀ ਹੋਈ ਬਾਣੀ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਦਾ ਪਹਿਲਾ ਹੀ ਪਦਾ ਹੈ। ਇਹ, ਪੰਨਾ ੨੬੨ ਤੇ, ਸੁਭਾਇਮਾਨ ਹੈ।

ਇਸ ਪਦੇ ਤੋਂ ਇਕ ਦਮ ਬਾਅਦ, ਜੋ ਦੋ ਪੰਕਤੀਆਂ ਦਰਜ ਹਨ, ਉਹ 'ਰਹਾਉ' ਦੀਆਂ ਪੰਕਤੀਆਂ ਹਨ। ਇਹੀ ਦੋ ਪੰਕਤੀਆਂ, ਸਾਰੀ ਸੁਖਮਨੀ ਸਾਹਿਬ ਬਾਣੀ ਦਾ ਸਾਰ ਹਨ ਅਤੇ ਇਹ ਸਾਰੀ ਬਾਣੀ ਇਨ੍ਹਾਂ ਦੇ ਦੁਆਲੇ ਹੀ ਘੁੰਮਦੀ ਹੈ। ਇਨ੍ਹਾਂ ਪੰਕਤੀਆਂ ਦੇ ਅਰਥ ਅਸੀਂ ਅਖੀਰ ਤੇ ਕਰਾਂਗੇ।

ਸੁਖਮਨੀ ਸਾਹਿਬ ਨਾਂ ਦੀ ਬਾਣੀ ਦਾ ਵਿਸ਼ਾ ਵਸਤੂ, ਜੋ ਸਮਝ ਆਉਂਦਾ ਹੈ ਉਹ ਇੰਞ ਹੈ –

੧. ਪਰਮਾਤਮਾ ਦਾ ਵਾਸ ਕਿਥੇ ਹੈ?
੨. ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਕੀ ਹੈ?
੩. ਜਿਨ੍ਹਾਂ ਨੇ ਪ੍ਰਾਪਤ ਕੀਤਾ, ਉਹ ਕਿਹੋ ਜਿਹੇ ਹੁੰਦੇ ਹਨ?
੪. ਜਿਨ੍ਹਾਂ ਨੇ ਪ੍ਰਾਪਤ ਨਹੀਂ ਕੀਤਾ, ਉਹ ਕਿਹੋ ਜਿਹੇ ਹਨ?

ਇਸ ਪਦੇ ਦੀਆਂ ਪਹਿਲੀਆਂ ਦੋ ਪੰਕਤੀਆਂ ਵਿਚ ਪੰਚਮ ਪਾਤਸ਼ਾਹ ਹੁਕਮ ਫ਼ੁਰਮਾਣ ਕਰਦੇ ਹਨ ਕਿ

– ਹੇ ਪ੍ਰਾਣੀ ! ਪਰਮਾਤਮਾ ਦਾ ਨਾਮ ਸਿਮਰ ਅਤੇ ਸਿਮਰ ਸਿਮਰ ਕੇ ਸੁਖ ਪਾ ਲੈ।
– ਇਸੇ ਨੂੰ ਸਿਮਰ ਕੇ ਤਨ ਵਿਚ ਪੈਦਾ ਹੋਣ ਵਾਲੇ ਸਾਰੇ ਕਲੇਸ਼ ਮਿਟਾ ਲੈ।

## ਸਿਮਰਉ ਜਾਸੁ ਬਿਸੁੰਭਰ ਏਕੈ ॥
## ਨਾਮੁ ਜਪਤ ਅਗਨਤ ਅਨੇਕੈ ॥

– ਉਸ ਇਕ ਪ੍ਰਭੂ ਦਾ ਜੱਸ ਸਿਮਰ ਲੈ ਜੋ ਇਸ ਜਗਤ ਦਾ ਕਰਤਾ ਹੈ, (ਬਿਸੁੰਭਰ ਦਾ ਸ਼ਾਬਦਕ ਅਰਥ ਹੈ-ਬਿਸਵ ਨੂੰ ਭਰਣ ਵਾਲਾ)।
ਪੰਜਵੇਂ ਪਾਤਸ਼ਾਹ ੨੪੯ ਪੰਨੇ ਤੇ ਵੀ ਫ਼ੁਰਮਾਣ ਕਰਦੇ ਹਨ ਕਿ ਹੇ ਮਨ ! ਉਸ ਸਰਵ ਉਚ ਅਬਿਨਾਸੀ ਪ੍ਰਭੂ, ਬਿਸੰਭਰ ਦੇ ਗੁਣ ਗਾ, ਜੋ ਸਭ ਨੂੰ ਰਿਜ਼ਕ ਦੇਣ ਵਾਲਾ ਹੈ – 'ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ।। ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ।।'
– ਉਸ ਦੇ ਅਣਗਿਣਤ ਅਤੇ ਅਨੇਕਾਂ ਨਾਵਾਂ ਵਾਲੇ ਦਾ ਨਾਮ ਜਪ ਲੈ।

## ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਹਰ ॥
## ਕੀਨੇ ਰਾਮ ਨਾਮ ਇਕ ਆਖ੍ਹਰ ॥

– ਵੇਦ, ਪੁਰਾਣ, ਸਿਮ੍ਰਿਤੀਆਂ ਆਦਿ ਸਾਰੇ ਧਰਮ ਗ੍ਰੰਥਾਂ ਦੇ ਅਖਰ ਪਵਿਤਰ ਹਨ।
ਵੇਦ ਆਦਿਕ ਧਰਮ ਗ੍ਰੰਥਾਂ ਦੇ ਤਤ ਨੂੰ ਉਸੇ ਨੇ ਪਛਾਣਿਆ ਹੈ ਜਿਸ ਨੇ ਨਾਮ ਜਪ ਜਪ ਕੇ ਇਕ ਪਵਿਤਰ ਅਖਰ, ਭਾਵ, ਇਕ ਗੁਰ ਮੰਤਰ ਦੇ ਸ਼ੁਧ, ਪਵਿਤਰ ਅਖਰ ਨੂੰ ਹਿਰਦੇ ਵਿਚ ਵਸਾ ਲਿਆ ਹੈ, ਬਾਕੀ ਤਾਂ ਸਭ ਭੁਲੇ ਫ਼ਿਰਦੇ ਹਨ, ਜਿਵੇਂ ਪਾਤਸ਼ਾਹ ਨੇ ੧੨੦੫ ਪੰਨੇ ਤੇ ਫ਼ੁਰਮਾਣ ਕੀਤਾ ਹੈ – 'ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ।। ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ।।'
– ਸਭ ਧਰਮ ਗ੍ਰੰਥਾਂ ਨੇ ਇਕ ਰਾਮ ਪ੍ਰਭੂ ਦਾ ਨਾਂ, ਇਕ ਅਖਰ ਰਾਹੀਂ ਹੀ ਦ੍ਰਿੜ ਕਰਨ ਲਈ ਕਿਹਾ ਹੈ।
ਇਹ ਇਕ ਅਖਰ ਗੁਰੂ ਰਾਹੀਂ ਦਿਤੇ ਗੁਰਮੰਤਰ ਦੀ ਗਲ ਕੀਤੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਧਰਮ ਗ੍ਰੰਥ ਇਹ ਵਿਧੀ ਦਸਦੇ ਹਨ ਕਿ ਕਲ ਜੁਗ ਵਿਚ ਕਿਰਪਾ ਨਿਧ ਪ੍ਰਭੂ ਦਾ ਨਾਮ ਜਪਣ ਦੇ ਤੁਲ ਹੋਰ ਕੋਈ ਧਰਮ

ਨਹੀਂ ਜਿਸ ਰਾਹੀਂ ਪਰਮ ਗਤੀ ਪ੍ਰਾਪਤ ਹੋ ਸਕੇ – 'ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ।। ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ।।' ਪੰਜਵੇਂ ਨਾਨਕ ਵੀ ਇਸੇ ਤਥ ਨੂੰ ਉਜਾਗਰ ਕਰ ਰਹੇ ਹਨ ਕਿ ਮੈਂ ਵੇਦ, ਸਿਮ੍ਰਿਤੀਆਂ, ਸ਼ਾਸਤਰ ਆਦਿ ਸਾਰੇ ਧਰਮ ਗ੍ਰੰਥ ਸੋਧ ਸੋਧ ਕੇ ਵੇਖ ਲਏ ਹਨ ਅਤੇ ਹਾਰ ਗਿਆ ਹਾਂ, ਇਹ ਸਾਰੇ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਹਰੀ ਦੇ ਭਜਨ, ਭਾਵ ਸਿਮਰਨ ਤੋਂ ਬਿਨਾਂ ਪਾਰ ਉਤਾਰਾ ਸੰਭਵ ਹੀ ਨਹੀਂ – 'ਸਸਾ ਸਰਨਿ ਪਰੇ ਅਬ ਹਾਰੇ।। ਸਾਸਤ੍ਰ ਸਿਮ੍ਰਿਤਿ ਬੇਦ ਪੁਕਾਰੇ।। ਸੋਧਤ ਸੋਧਤ ਸੋਧਿ ਬੀਚਾਰਾ।। ਬਿਨੁ ਹਰਿ ਭਜਨ ਨਹੀ ਛੁਟਕਾਰਾ।।'
ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਗੁਰੂ ਦਾ ਦਿਤਾ ਇਕ ਅਖਰ, ਭਾਵ, ਗੁਰ ਮੰਤਰ, ਜਿਸਦੇ ਹਿਰਦੇ ਵਿਚ ਵਸ ਜਾਂਦਾ ਹੈ ਉਹ ਨਿਹਾਲ ਹੋ ਜਾਂਦਾ ਹੈ – 'ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ।।' ਪੰਨਾ ੨੬੧.

## ਕਿਨਕਾ ਏਕ ਜਿਸੁ ਜੀਅ ਬਸਾਵੈ ॥
## ਤਾ ਕੀ ਮਹਿਮਾ ਗਨੀ ਨ ਆਵੈ ॥

– ਇਹ, ਪ੍ਰਭੂ ਦਾ ਨਾਮ ਜਿਸ ਜੀਵ ਦੇ ਹਿਰਦੇ ਵਿਚ ਕਿਣਕਾ ਮਾਤਰ ਵੀ ਵਸ ਜਾਵੇ –
ਸ੍ਰੀ ਗੁਰੂ ਅਮਰਦਾਸ ਸਾਹਿਬ ਦਾ, ੬੫੦ ਪੰਨੇ ਤੇ, ਫ਼ੁਰਮਾਣ ਹੈ ਕਿ ਹਰੀ ਦੇ ਸੰਤ ਮੈਨੂੰ ਮਿਲ ਪੈਣ ਤੇ ਮੇਰੇ ਹਿਰਦੇ ਵਿਚ ਇਕ ਕਿਣਕਾ ਪ੍ਰਭੂ ਦਾ ਨਾਮ ਵਸਾ ਦੇਣ – 'ਹਰਿ ਹਰਿ ਸੰਤ ਮਿਲਹੁ ਮੇਰੇ ਭਾਈ ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ।।'
– ਅਜਿਹੇ ਜੀਵ ਦੀ ਇਤਨੀ ਜ਼ਿਆਦਾ ਮਹਿਮਾ ਹੈ ਜੋ ਗਿਣਤੀ ਵਿਚ ਹੀ ਨਹੀਂ ਆ ਸਕਦੀ।
ਪਾਤਸ਼ਾਹ, ੨੦੭ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜੋ ਪਾਰਬ੍ਰਹਮ ਦੇ ਨਾਮ ਦੇ ਰੰਗ ਵਿਚ ਰੰਗਿਆ ਹੋਇਆ ਹੈ ਉਸ ਦੀ ਮਹਿਮਾ ਗਿਣੀ ਹੀ ਨਹੀਂ ਜਾ ਸਕਦੀ – 'ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ।।'

## ਕਾਂਖੀ ਏਕੈ ਦਰਸ ਤੁਹਾਰੋ ॥
## ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥

– ਹੇ ਪ੍ਰਭੂ ਜੋ ਜੀਵ ਤੇਰੇ ਇਕ ਦਰਸ਼ਨ ਦੇ ਚਾਹਵਾਨ ਹਨ,
ਕਾਂਖੀ ਦਾ ਸ਼ਾਬਦਕ ਅਰਥ 'ਅਕਾਂਖਸ਼ਾ ਰਖਣ ਵਾਲੇ' ਤੋਂ ਹੈ – ਅਕਾਂਖਸ਼ੀ।
ਇਸੇ ਬਾਣੀ ਵਿਚ, ੨੬੬ ਪੰਨੇ ਤੇ, ਫ਼ੁਰਮਾਣ ਹੈ ਕਿ ਜਿਸ ਜਨ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ – 'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ।। ਨਾਨਕ ਤਾ ਕੈ ਬਲਿ ਬਲਿ ਜਾਸਾ।।'
– ਪੰਚਮ ਨਾਨਕ ਬੇਨਤੀ ਰੂਪ ਫ਼ੁਰਮਾਣ ਕਰਦੇ ਹਨ ਕਿ ਮੈਨੂੰ ਅਜਿਹੇ ਮਹਾਂਪੁਰਖਾਂ ਦੇ ਨਾਲ, ਭਾਵ, ਉਨ੍ਹਾਂ ਦੀ ਸੰਗਤ ਵਿਚ, ਉਨ੍ਹਾਂ ਦੇ ਰਾਹੀਂ, ਤਾਰ ਲੈ, ਮੇਰਾ ਉਧਾਰ ਕਰ ਲੈ।੧।
ਇਥੇ ਨਾਮ ਦੀ ਮਹਿਮਾ ਸਪੱਸ਼ਟ ਹੋਈ ਹੈ ਅਤੇ ਜਿਸਦੇ ਹਿਰਦੇ ਵਿਚ ਇਹ ਵਸਿਆ ਹੋਇਆ ਹੈ, ਉਸ ਦੀ ਸੰਗਤ ਕਰਨ ਦੀ ਮਹਿਮਾ ਅਪਾਰ ਦਸੀ ਹੈ।

## ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
## ਭਗਤ ਜਨਾ ਕੈ ਮਨਿ ਬਿਸ੍ਰਾਮ ॥
## ਰਹਾਉ ॥

ਇਹੀ ਹੈ 'ਰਹਾਉ' ਦੀ ਪੰਕਤੀ।ਗੁਰਬਾਣੀ ਵਿਚ ਜਿਥੇ ਵੀ ਰਹਾਉ ਦੀ ਪੰਕਤੀ ਆਈ ਹੈ, ਉਹ ਉਸ ਸ਼ਬਦ ਦਾ ਸਾਰ ਅੰਸ਼ ਹੁੰਦੀ ਹੈ ਅਤੇ ਬਾਕੀ ਸਾਰਾ ਸ਼ਬਦ ਉਸ ਦੇ ਦੁਆਲੇ ਹੀ ਘੁੰਮਦਾ ਹੈ। ਇਥੇ ਇਹ ਸੁਖਮਨੀ ਸਾਹਿਬ ਦਾਸਾਰ ਅੰਸ਼ ਹੈ ਅਤੇ ਸਾਰੀ ਸੁਖਮਨੀ ਬਾਣੀ ਇਨ੍ਹਾਂ ਦੋ ਪੰਕਤੀਆਂ ਦੇ ਦੁਆਲੇ ਹੀ ਘੁੰਮਦੀ ਹੈ।
– ਸੁਖਾਂ ਦੀ ਮਣੀ, ਭਾਵ, ਸੁਖਾਂ ਦਾ ਖ਼ਜ਼ਾਨਾ, ਪ੍ਰਭੂ ਦਾ ਅੰਮ੍ਰਿਤ ਮਈ ਨਾਮ ਹੈ।
– ਇਸ ਖ਼ਜ਼ਾਨੇ ਦਾ ਬਿਸਰਾਮ, ਭਾਵ ਵਾਸਾ, ਭਗਤ ਜਨਾਂ ਦੇ ਹਿਰਦੇ ਵਿਚ ਹੈ।ਰਹਾਉ।

ਸੋ ਸੁਖਮਨੀ ਸਾਹਿਬ ਬਾਣੀ ਨੇ ਦਸ ਦਿਤਾ ਕਿ ਹੇ ਭਾਈ ! ਜੇ ਸੁਖ ਲੈਣ ਦਾ ਚਾਹਵਾਨ ਹੈਂ ਤਾਂ ਪ੍ਰਭੂ ਦਾ ਨਾਮ ਜਪ। ਪਰ ਇਸ ਨਾਮ ਦੀ ਪ੍ਰਾਪਤੀ ਹੋਣੀ ਹੈ, ਭਗਤਾਂ ਦੇ ਹਿਰਦੇ ਅੰਦਰ ਵੜ ਕੇ। ਤੱਤ ਤਾਂ ਇਹੀ ਨਿਕਲਿਆ ਕਿ ਜਪਣਾ ਨਾਮ ਹੀ ਹੈ ਪਰ ਇਹ ਸਾਡੇ ਹਿਰਦੇ ਵਿਚ ਤਾਂ ਹੀ ਵਸੇਗਾ ਜਦੋਂ ਕੋਈ ਭਗਤ ਸਾਡੇ ਤੇ ਮਿਹਰਬਾਨ ਹੋ ਜਾਏਗਾ, ਉਸ ਦੇ ਹਿਰਦੇ ਵਿਚ ਸਾਡੀ ਥਾਂ ਬਣ ਜਾਏਗੀ। ਦੂਜੇ ਸ਼ਬਦਾਂ ਵਿਚ, ਉਹ ਸਾਡੇ ਨਾਲ ਅਤਿਅੰਤ ਪ੍ਰੇਮ ਕਰਣ ਲਗ ਜਾਏਗਾ, ਭਾਵ ਤੁਠ ਪਏਗਾ। ਪੰਜਵੇਂ ਪਾਤਸ਼ਾਹ ਨੇ ਹੀ ੬੧੦ ਪੰਨੇ ਤੇ, ਫ਼ੁਰਮਾਣ ਕੀਤਾ ਹੈ ਕਿ ਸੰਤ ਦੀ, ਭਗਤ ਦੀ ਕਿਰਪਾ ਨਾਲ ਨਾਮ ਧਿਆਇਆ ਹੈ ਤਾਂ ਹੀ ਸਭ ਸੁਖ ਹੋ ਗਿਆ – 'ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ।।' ਸੋ ਨਾਮ ਭਗਤ ਦੀ ਕਿਰਪਾ ਨਾਲ ਹੀ ਪ੍ਰਾਪਤ ਹੋਣਾ ਹੈ। ਇਹ ਤਾਂ ਹੁਣ common sense ਹੋਣੀ ਚਾਹੀਦੀ ਹੈ ਕਿ ਕਿਸੇ ਦੇ ਹਿਰਦੇ ਵਿਚ ਕਿਵੇਂ ਵੜੀਦਾ ਹੈ, ਕਿਸੇ ਦੇ ਹਿਰਦੇ ਵਿਚ ਥਾਂ ਕਿਵੇਂ ਬਣਾਈਦੀ ਹੈ। ਉਤਰ ਹੈ – ਉਸ ਦੇ ਅਗੇ ਆਤਮ ਸਮਰਪਣ ਕਰ ਦਿਤਾ ਜਾਵੇ, ਉਸ ਨਾਲ ਉਸ ਦੀ ਮਰਜ਼ੀ ਦਾ ਪ੍ਰੇਮ ਕੀਤਾ ਜਾਵੇ, ਉਸ ਦੀ ਸੇਵਾ ਕੀਤੀ ਜਾਵੇ, ਜੋ ਉਸ ਨੂੰ ਭਾਉਂਦੀ ਹੋਵੇ। ਕਿਉਂਕਿ ਤੀਜੇ ਪਾਤਸ਼ਾਹ ਇਸੇ ਤਰ੍ਹਾਂ ਦਾ ਹੀ ਫ਼ੁਰਮਾਣ ਕਰਦੇ ਹਨ – 'ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ।।' ਭਾਵ, ਅਜਿਹੀ ਸੇਵਾ ਜਿਹੜੀ ਉਸ ਨੂੰ ਸਵੀਕਾਰਤ ਹੋਵੇ।

ਪਰ ਭਗਤ ਜਨ ਦੀ ਸੰਗਤ ਉਸਨੂੰ ਪ੍ਰਾਪਤ ਹੁੰਦੀ ਹੈ ਜਿਸ ਤੇ ਪਾਰਬ੍ਰਹਮ ਕਿਰਪਾ ਕਰ ਦਿੰਦਾ ਹੈ – 'ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ।।' ਪਾ.੫, ਪੰਨਾ ੭੧.

ਫ਼ਿਰ, ਕਿਉਂ ਨਾ ਸੁਖਮਨੀ ਸਾਹਿਬ ਦੇ ਦਸੇ ਮਾਰਗ ਤੇ ਚਲਣਾ ਹੁਣੇ ਹੀ ਸ਼ੁਰੂ ਕਰ ਦਈਏ, ਭਾਵ ਸਿਮਰਨ ਕਰਨਾ ਸ਼ੁਰੂ ਕਰੀਏ ਤੇ ਭਗਤ ਦੀ ਸੰਗਤ ਪ੍ਰਾਪਤ ਕਰਨ ਲਈ ਪਾਰਬ੍ਰਹਮ ਅਗੇ ਜੋਦੜੀ ਕਰੀਏ।

Last modified: 9:07 am